[This question paper contains 2 printed pages.]

Your Roll No...............

IC

**Sr. No. of Question Paper : 9520**

Unique Paper Code : 62124409

Name of the Paper : Punjabi Novel, Modern Punjabi Poetry & Functional Punjabi

Name of the Course : **B.A. (Prog.) Punjabi–CBCS– DSC**

Semester : IV

Duration : 3 Hours

Maximum Marks : 75

**Instructions for Candidates**

1. Write your Roll No. on the top immediately on receipt of this question paper.

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦਾ ਆਲੋਚਨਾਤਮਕ ਅਧਿਐਨ ਪ੍ਰਸਤੁਤ ਕਰੋ। 15

ਜਾਂ

'ਮੜ੍ਹੀ ਦਾ ਦੀਵਾ' ਨਾਵਲ ਵਿਚ ਸਿਰਜਿਤ ਲੋਕ-ਜੀਵਨ ਅਤੇ ਸਭਿਆਚਾਰ ਦੇ ਵੱਖ ਵੱਖ ਪਾਸਾਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

2. ਗੁਰਦਿਆਲ ਸਿੰਘ ਦੀ ਨਾਵਲ-ਕਲਾ ਬਾਰੇ ਇਕ ਨੋਟ ਲਿਖੋ। 10

ਜਾਂ

'ਮੜ੍ਹੀ ਦਾ ਦੀਵਾ' ਨਾਵਲ ਦੇ ਪ੍ਰਮੁੱਖ ਪਾਤਰਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਓ।

3. "ਪਰਵਾਸੀ ਪੰਜਾਬੀ ਕਵਿਤਾ ਪਰਵਾਸੀ ਚੇਤਨਾ ਨਾਲ ਸੰਬੰਧਿਤ ਵਿਲੱਖਣ ਸੰਵੇਦਨਾਵਾਂ ਨੂੰ ਸਿਰਜਦੀ ਹੈ"-ਆਪਣੀ ਪਾਠ-ਪੁਸਤਕ 'ਦੇਸ ਹੋਇਆ ਪਰਦੇਸ' ਦੇ ਆਧਾਰ ਤੇ ਸਪੱਸ਼ਟ ਕਰੋ। 15

ਜਾਂ

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ :-

(1) ਬੇਵਤਨ

(2) ਪਰਵਾਸ

(3) ਇਕੋ ਜਿਹਾ ਦੁੱਖ

P.T.O.

4. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-

(ੳ) ਕਿਹੋ ਜਿਹੇ ਤੁਸੀਂ ਪੰਛੀ
ਕਿਹੋ ਜਿਹੇ ਪਰਦੇਸੀ
ਉੱਡ ਉੱਡ ਕੇ ਨੇ ਜਾਂਵਦੇ, ਜੋ ਆਪਣੇ ਦੇਸੀਂ
ਦੇਸ ਤਾਂ ਯਾਰੋ ਐਸਾ ਵਣ ਹੈ
ਨਾ ਕੋਈ ਰੁੱਖ ਤੇ ਨਾ ਕੋਈ ਪੰਛੀ
ਨਾ ਕੋਈ ਅੱਖ ਸੇਜਲ ਹੈ।

(ਅ) ਦੋਚਿੱਤੀ ਵਿਚ ਘਰ ਦੀਆਂ ਨੀਹਾਂ
ਸਦਾ ਕੱਚੀਆਂ
ਦੋਚਿੱਤੀ ਵਿਚ ਰੁੱਖ ਨਾ ਲਾਉਂਦੇ ਜੜ੍ਹਾਂ ਪੱਕੀਆਂ
ਦੋਚਿੱਤੀ ਦੇ ਹੱਥ ਵਿਚ ਨਸ਼ਤਰ ਤਿੱਖਾ
ਮੁੜ ਮੁੜ ਦੇਵੇ ਚੀਰਾ
ਸੁਪਨੇ ਬੁਣ ਬੁਣ ਜੋ ਵੀ ਵਸਤਰ ਕਰੀਏ ਪੂਰਾ
ਗਲ ਵਿਚ ਪਾਉਣੋਂ ਪਹਿਲਾਂ ਹੋ ਜੇ ਲੀਰਾਂ

5. ਲਗਾਖਰ ਕਿੰਨੀ ਪ੍ਰਕਾਰ ਦੇ ਹਨ ? ਉਦਾਹਰਣਾਂ ਦੇ ਕੇ ਸਮਝਾਉ।

6. ਹੇਠ ਦਿੱਤੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :-
ਬੌਹਤ, ਕੈਹਣਾ, ਕਯੋਂਕੀ, ਸਮਾਜਿਕ, ਗਯਾਨੀ

7. ਹੇਠ ਦਿੱਤੇ ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ :-
ਆਨੀ, ਇਕ, ਈਨ, ਗਾਰ, ਈਲਾ

8. ਗੁਰਮੁਖੀ ਲਿਪੀ ਨੂੰ ਵਿਗਿਆਨਕ ਲਿਪੀ ਕਿਉਂ ਕਿਹਾ ਜਾਂਦਾ ਹੈ ?

ਜਾਂ

ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਹੀ ਢੁਕਵੀਂ ਲਿਪੀ ਹੈ। ਕਿਉਂ ? ਚਰਚਾ ਕਰੋ।

9. ਰਦੀਫ਼, ਮਕਤਾ ਅਤੇ ਮਿਸਰਾ ਵਿਚੋਂ ਕਿਸੇ ਇਕ ਨੂੰ ਉਦਾਹਰਣਾਂ ਦੇ ਕੇ ਸਮਝਾਉ।